BRAMPTON

**Media Release**

ਤੁਰੰਤ ਰਿਲੀਜ ਲਈ

# ਛੁੱਟੀਆਂ ਵਿੱਚ ਘਰ ਰਹਿ ਕੇ ਅਨੰਦ ਮਾਣੋ! ਸਿਟੀ ਆਫ ਬ੍ਰੈਂਪਟਨ ਇਸ ਸਰਦੀ ਮੁਫ਼ਤ ਆਭਾਸੀ ਕੈਂਪਸ ਅਤੇ ਵਰਕਸ਼ਾਪਸ ਪੇਸ਼ ਕਰ ਰਹੀ ਹੈ

***ਬੱਚਿਆਂ ਲਈ ਵਰਚੁਅਲ ਹੌਲੀਡੇ ਕੈਂਪਸ ਅਤੇ ਵਰਕਸ਼ਾਪਸ ਅਤੇ ਬਜ਼ੁਰਗਾਂ ਲਈ ਵਰਚੁਅਲ ਹੌਲੀਡੇ ਵਰਕਸ਼ਾਪਸ ਲਈ ਹੁਣੇ ਰਜਿਸਟਰ ਕਰੋ***

ਬ੍ਰੈਂਪਟਨ, ਓਨਟੈਰੀਓ (8 ਦਸੰਬਰ, 2020) – ਸ਼ਿਲਪਕਾਰੀ ਕਰੋ ਅਤੇ ਨਵੀਆਂ ਕੁਸ਼ਲਤਾਵਾਂ ਸਿੱਖੋ – 6 ਤੋਂ 10 ਸਾਲ ਦੇ ਬੱਚੇ ਅਤੇ 55 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ, ਛੁੱਟੀਆਂ ਦੇ ਇਸ ਸੀਜ਼ਨ, ਆਪਣੇ ਖੁਦ ਦੇ ਘਰਾਂ ਵਿੱਚ ਅਰਾਮ ਨਾਲ ਆਭਾਸੀ (ਵਰਚੁਅਲ) ਵਰਕਸ਼ਾਪਾਂ ਵਿੱਚ ਸ਼ਾਮਲ ਹੋ ਸਕਦੇ ਹਨ।

**6 ਤੋਂ 10 ਸਾਲ ਦੇ ਬੱਚਿਆਂ ਲਈ ਵਰਚੁਅਲ ਹੌਲੀਡੇ ਕੈਂਪਸ ਅਤੇ ਵਰਕਸ਼ਾਪਸ**

19 ਦਸੰਬਰ ਤੋਂ ਸ਼ੁਰੂ ਕਰਦੇ ਹੋਏ, 6 ਤੋਂ 10 ਸਾਲ ਦੇ ਬੱਚੇ, ਵਰਚੁਅਲ ਹੌਲੀਡੇ ਕੈਂਪਸ ਅਤੇ ਵਰਕਸ਼ਾਪਸ ਦਾ ਅਨੰਦ ਲੈ ਸਕਦੇ ਹਨ, ਜੋ ਘਰ ਵਿੱਚ ਅਰਾਮ ਨਾਲ ਕਰਨ ਵਾਲੀਆਂ ਸੁਰੱਖਿਅਤ, ਮਜ਼ੇਦਾਰ ਗਤੀਵਿਧੀਆਂ ਪੇਸ਼ ਕਰਦੇ ਹਨ। ਮਜ਼ੇ ਕਰੋ ਅਤੇ ਕੈਂਡੀ ਕੇਨ ਸਾਇੰਸ ਪ੍ਰਯੋਗਾਂ ਨਾਲ ਸਿੱਖੋ, ਗਹਿਣੇ ਸਜਾਓ।

ਹਿੱਸਾ ਲੈਣ ਵਾਲੇ, ਨਵੇਂ ਦੋਸਤ ਬਣਾ ਸਕਦੇ ਹਨ, ਆਪਣੀਆਂ ਸਮਾਜਿਕ ਕੁਸ਼ਲਤਾਵਾਂ ਵਧਾ ਸਕਦੇ ਹਨ, ਅਤੇ ਆਪਣੀ ਉਮਰ ਦੇ ਰੀਅਲ-ਟਾਈਮ ਸਾਥੀਆਂ ਨਾਲ ਗੱਲਬਾਤ ਕਰਦੇ ਹੋਏ, ਆਪਣੀ ਖੁਦ ਦੀ ਗਤੀ ਤੇ ਰੋਮਾਂਚਕ ਪ੍ਰੋਜੈਕਟਾਂ ਤੇ ਕੰਮ ਕਰ ਸਕਦੇ ਹਨ। ਇਹਨਾਂ ਗਤੀਵਿਧੀਆਂ ਦੀ ਅਗਵਾਈ, WebEx ਵਰਤਦੇ ਹੋਏ, ਸਿਟੀ ਆਫ ਬ੍ਰੈਂਪਟਨ ਦੇ ਕੁਸ਼ਲ ਕੈਂਪ ਇੰਸਟ੍ਰਕਟਰਾਂ ਵੱਲੋਂ ਕੀਤੀ ਜਾਵੇਗੀ।

ਸਮੱਗਰੀਆਂ, ਪ੍ਰੋਗਰਾਮ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਪਹਿਲਾਂ, ਗ੍ਰੀਨਬ੍ਰਾਇਰ ਰੇਕ੍ਰੀਏਸ਼ਨ ਸੈਂਟਰ (Greenbriar Recreation Centre) ਵਿਖੇ, ਕਰਬਸਾਈਡ ਪਿੱਕ-ਅਪ (ਪਗਡੰਡੀ ਦੇ ਕਿਨਾਰੇ ਤੋਂ ਲੈਣਾ) ਦੁਆਰਾ ਲੈਣ ਦੀ ਲੋੜ ਹੋਵੇਗੀ। ਔਨਲਾਈਨ ਰਜਿਸਟਰੇਸ਼ਨ ਦੇ ਦੌਰਾਨ, ਹਿੱਸਾ ਲੈਣ ਵਾਲੇ, ਆਪਣਾ ਤਰਜੀਹੀ ਸਮੱਗਰੀ ਪਿਕ-ਅੱਪ ਟਾਈਮਸਲੌਟ ਚੁਣ ਸਕਦੇ ਹਨ।

ਹੋਰ ਜਾਣਕਾਰੀ ਲਈ ਅਤੇ ਰਜਿਸਟਰ ਕਰਨ ਲਈ, www.brampton.ca/recreation ਤੇ ਜਾਓ ਜਾਂ 311 ਤੇ ਫੋਨ ਕਰੋ।

**55 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਵਰਚੁਅਲ ਹੌਲੀਡੇ ਵਰਕਸ਼ਾਪਸ**

17 ਦਸੰਬਰ, 2020 ਅਤੇ 5 ਜਨਵਰੀ, 2021 ਨੂੰ, 55 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ, ਸੈਰਾਮਿਕਸ ਅਤੇ 3D ਮਾੱਡਲ ਕਿੱਟਾਂ ਅਤੇ ਪੇਂਟ ਨਾਈਟ ਵਿੱਚ, ਆਭਾਸੀ ਵਰਕਸ਼ਾਪਾਂ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਇਹਨਾਂ ਗਤੀਵਿਧੀਆਂ ਦੀ ਅਗਵਾਈ, WebEx ਵਰਤਦੇ ਹੋਏ, ਸਿਟੀ ਆਫ ਬ੍ਰੈਂਪਟਨ ਦੇ ਕੁਸ਼ਲ ਇੰਸਟ੍ਰਕਟਰਾਂ ਵੱਲੋਂ ਕੀਤੀ ਜਾਵੇਗੀ।

ਸਮੱਗਰੀਆਂ, ਪ੍ਰੋਗਰਾਮ ਸ਼ੁਰੂ ਹੋਣ ਤੋਂ ਹਫ਼ਤਾ ਪਹਿਲਾਂ, ਫਲਾਵਰ ਸਿਟੀ ਸੀਨੀਅਰਸ ਰੇਕ੍ਰੀਏਸ਼ਨ ਸੈਂਟਰ (Flower City Seniors Recreation Centre) ਵਿਖੇ, ਕਰਬਸਾਈਡ ਪਿੱਕ-ਅਪ ਲਈ ਉਪਲਬਧ ਹੋਣਗੀਆਂ। ਔਨਲਾਈਨ ਰਜਿਸਟਰੇਸ਼ਨ ਦੇ ਦੌਰਾਨ, ਹਿੱਸਾ ਲੈਣ ਵਾਲੇ, ਆਪਣਾ ਤਰਜੀਹੀ ਸਮੱਗਰੀ ਪਿਕ-ਅੱਪ ਟਾਈਮਸਲੌਟ ਚੁਣ ਸਕਦੇ ਹਨ।

ਹੋਰ ਜਾਣਕਾਰੀ ਲਈ ਅਤੇ ਰਜਿਸਟਰ ਕਰਨ ਲਈ, www.brampton.ca/recreation ਤੇ ਜਾਓ ਜਾਂ 311 ਤੇ ਫੋਨ ਕਰੋ।

**ਬੱਚਿਆਂ ਲਈ ਛੁੱਟੀਆਂ ਦੀਆਂ ਘਰ-ਵਿਖੇ ਕੀਤੀਆਂ ਜਾਣ ਵਾਲੀਆਂ ਹੋਰ ਗਤੀਵਿਧੀਆਂ**

ਹੌਲੀਡੇ ਕ੍ਰਾਫਟ ਕਿੱਟਾਂ

ਸਾਰੇ ਜੂਨੀਅਰ ਸ਼ਿਲਪਕਾਰਾਂ ਦਾ ਸੁਆਗਤ ਹੈ! ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation) ਦੇ ਰੈਕ ਐਟ ਹੋਮ (Rec At Home) ਪ੍ਰੋਗਰਾਮ ਦੇ ਹਿੱਸੇ ਵਜੋਂ, ਬੱਚੇ ਮੁਫ਼ਤ ਵਿੱਚ ਘਰ-ਵਿਖੇ ਹੀ ਦੋ ਵਾਧੂ ਹੌਲੀਡੇ ਗਤੀਵਿਧੀਆਂ ਦਾ ਅਨੰਦ ਮਾਣ ਸਕਦੇ ਹਨ। ਇਹ ਪ੍ਰੋਗਰਾਮ, ਹਰ ਉਮਰ ਦੇ ਨਿਵਾਸੀਆਂ ਲਈ, ਫਿੱਟਨੈਸ ਅਤੇ ਕ੍ਰਾਫਟ ਟਿਊਟੋਰੀਅਲਸ ਦਾ ਔਨਲਾਈਨ ਹਬ ਹੈ।

ਬੱਚੇ, ਕਦਮ-ਦਰ-ਕਦਮ ਔਨਲਾਈਨ ਟਿਊਟੋਰੀਅਲਸ ਦਾ ਅਨੁਸਰਨ ਕਰਕੇ, ਘਰ-ਵਿਖੇ ਦੋ ਹੌਲੀਡੇ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਹਨ। ਰੈਡੀਮੇਡ ਗਤੀਵਿਧੀ ਕਿੱਟ ਨਾਲ ਆਪਣਾ ਖੁਦ ਦਾ ਬਰਫਾਨੀ ਬਾਰਾਂਸਿੰਗਾ ਜਾਂ ਸਨੋ ਗਲੋਬ ਬਣਾਓ। 19 ਦਸੰਬਰ ਤੋਂ ਸ਼ੁਰੂ ਕਰਦੇ ਹੋਏ, ਸਮਾਨ ਖ਼ਤਮ ਹੋਣ ਤੱਕ, ਮੁਫ਼ਤ ਗਤੀਵਿਧੀ ਕਿੱਟਾਂ, ਚੋਣਵੇਂ ਆਊਟਡੋਰ ਰਿੰਕਸ ਵਿਖੇ ਕਰਬਸਾਈਡ ਪਿੱਕ-ਅਪ ਲਈ ਉਪਲਬਧ ਹਨ। ਆਪਣੀਆਂ ਬਣਾਈਆਂ ਵਸਤਾਂ ਸੋਸ਼ਲ ਮੀਡੀਆ ਤੇ ਸਾਂਝੀਆਂ ਕਰੋ ਅਤੇ ਸਾਨੂੰ @CityBrampton ਤੇ ਟੈਗ ਕਰੋ। ਵੇਰਵਿਆਂ ਲਈ www.brampton.ca/recreation ਤੇ ਜਾਓ।

ਛੋਟੀਆਂ ਆਭਾਸੀ ਗੇਮਸ ਅਤੇ ਗਤੀਵਿਧੀਆਂ

6 ਤੋਂ 10 ਸਾਲ ਦੇ ਬੱਚੇ, 19 ਦਸੰਬਰ ਤੋਂ ਸ਼ੁਰੂ ਕਰਦੇ ਹੋਏ, 45-ਮਿੰਟਾਂ ਦੀਆਂ ਮੁਫ਼ਤ ਇੰਟਰਐਕਟਿਵ, ਆਭਾਸੀ ਗੇਮਸ ਅਤੇ ਗਤੀਵਿਧੀਆਂ ਲਈ ਰਜਿਸਟਰ ਕਰ ਸਕਦੇ ਹਨ। ਇਹਨਾਂ ਦੀ ਅਗਵਾਈ ਸਿਟੀ ਦੇ ਕੁਸ਼ਲ ਇੰਸਟ੍ਰਕਟਰ ਵੱਲੋਂ ਕੀਤੀ ਜਾਵੇਗੀ। ਔਨਲਾਈਨ ਗੇਮਸ ਖੇਡੋ, ਸਕਵੈਂਜਰ ਹੰਟ ਆਦਿ ਵਿੱਚ ਹਿੱਸਾ ਲਵੋ!
ਵੇਰਵਿਆਂ ਲਈ, www.brampton.ca/recreation ਤੇ ਜਾਓ।

**ਹਵਾਲੇ**

"ਛੁੱਟੀਆਂ ਦੇ ਇਸ ਸੀਜਨ ਵਿੱਚ ਘਰ ਵਿੱਚ ਰਹੋ ਅਤੇ ਸਾਡੇ ਆਭਾਸੀ ਕੈਂਪਾਂ ਅਤੇ ਵਰਕਸ਼ਾਪਾਂ ਨਾਲ ਇਸਦਾ ਅਨੰਦ ਮਾਣੋ। ਬੱਚੇ ਅਤੇ ਬਜ਼ੁਰਗ, ਸਮਾਜਿਕ ਸਬੰਧਾਂ ਅਤੇ ਸਾਡੇ ਕੁਸ਼ਲ ਇੰਸਟ੍ਰਕਟਰਾਂ ਨਾਲ ਆਪਣੀ ਖੁਦ ਦੀ ਗਤੀ ਤੇ ਕੁਸ਼ਲਤਾ-ਨਿਰਮਾਣ ਨਾਲ ਭਰਪੂਰ, ਇਹਨਾਂ ਅਨੁਭਵਾਂ ਦਾ ਅਨੰਦ ਮਾਣ ਸਕਦੇ ਹਨ। ਮੈਂ ਬ੍ਰੈਂਪਟਨ ਦੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਹੁਣੇ ਰਜਿਸਟਰ ਕਰਨ ਦੀ ਸਲਾਹ ਦਿੰਦਾ ਹਾਂ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਭਾਵੇਂ ਅਸੀਂ ਸਮੂਹਿਕ ਗਤੀਵਿਧੀਆਂ ਲਈ ਵਿਅਕਤੀਗਤ ਤੌਰ ਤੇ ਇਕੱਠੇ ਨਹੀਂ ਹੋ ਸਕਦੇ, ਪਰੰਤੂ ਬੱਚੇ ਅਤੇ ਬਜ਼ੁਰਗ, ਘਰ ਵਿੱਚ ਹੀ ਨਿੱਘੇ ਰਹਿ ਕੇ ਅਤੇ ਸੁਰੱਖਿਅਤ ਰੂਪ ਨਾਲ ਇਹਨਾਂ ਕੈਂਪਾਂ ਅਤੇ ਵਰਕਸ਼ਾਪਾਂ ਵਿੱਚ ਹਿੱਸਾ ਲੈ ਸਕਦੇ ਹਨ। ਗਰਮ ਕੋਕੋ ਦਾ ਕੱਪ ਬਣਾਓ, ਸ਼ਿਲਪਕਾਰੀ ਕਰੋ ਅਤੇ ਅਨੰਦ ਮਾਣੋ।"

- *ਰੋਏਨਾ ਸੈਨਟੋਸ (Rowena Santos), ਚੇਅਰ, ਕਮਿਊਨਿਟੀ ਸਰਵਿਸਿਜ; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਹੁਣ ਇਹ ਪਹਿਲਾਂ ਤੋਂ ਕਿਤੇ ਵੱਧ ਮਹੱਤਵਪੂਰਣ ਹੈ ਕਿ ਅਸੀਂ ਘਰ ਵਿਖੇ ਗਤੀਵਿਧੀਆਂ ਨੂੰ ਉਤਸ਼ਾਹਿਤ ਕਰੀਏ। ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਸਾਡੀ ਤਰਜੀਹ ਹੈ। ਅਸੀਂ ਬੱਚਿਆਂ ਅਤੇ ਬਜ਼ੁਰਗਾਂ ਲਈ ਘਰ ਵਿੱਚ ਹੀ ਅਨੰਦ ਮਾਣਨ ਲਈ, ਇਹ ਆਭਾਸੀ ਪ੍ਰੋਗਰਾਮ ਪੇਸ਼ ਕਰਨ ਲਈ ਉਤਸ਼ਾਹਿਤ ਹਾਂ। ਆਪਣੀਆਂ ਬਣਾਈਆਂ ਵਸਤਾਂ ਦੀਆਂ ਕੁਝ ਫੋਟੋਆਂ ਖਿੱਚੋ ਅਤੇ ਸੋਸ਼ਲ ਮੀਡੀਆ ਤੇ ਸਾਨੂੰ, @CityBrampton ਤੇ ਟੈਗ ਕਰੋ!"

- *ਸ਼ਾਰਮੇਨ ਵਿਲੀਅਮਸ (Charmaine Williams), ਵਾਈਸ-ਚੇਅਰ, ਕਮਿਊਨਿਟੀ ਸਰਵਿਸਿਜ; ਸਿਟੀ ਕਾਉਂਸਲਰ, ਵਾਰਡਸ 7 ਅਤੇ 8, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ ਸਟਾਫ਼, ਇਸ ਸਰਦੀ ਤੁਹਾਡੇ ਘਰ ਵਿੱਚ ਗਤੀਵਿਧੀਆਂ ਲਿਆ ਰਿਹਾ ਹੈ। ਸਾਨੂੰ ਬੱਚਿਆਂ ਅਤੇ ਬਜ਼ੁਰਗਾਂ ਲਈ, ਆਭਾਸੀ ਕੈਂਪਸ ਅਤੇ ਵਰਕਸ਼ਾਪਸ ਪੇਸ਼ ਕਰਨ ਤੇ ਮਾਣ ਹੈ, ਤਾਂ ਜੋ ਉਹ ਆਪਣੇ ਸਾਥੀਆਂ ਨਾਲ ਰਚਨਾਤਮਕ ਤੌਰ ਤੇ ਕਿਰਿਆਸ਼ੀਲ ਹੋ ਕੇ ਜੁੜ ਸਕਣ। ਸਾਡੇ ਇੰਸਟ੍ਰਕਟਰ, ਸੂਝਵਾਨ, ਦਿਆਲੂ ਅਤੇ ਮਜ਼ੇਦਾਰ ਹਨ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca